ੴ ਵਾਹਿਗੁਰੂ ਜੀ ਕੀ ਫਤਹਿ॥

# ਸਿੱਖ ਸਟੂਡੈਂਟਸ ਫੈਡਰੇਸ਼ਨ

ਮੁੱਖ ਦਫਤਰ ਸ੍ਰੀ ਅੰਮ੍ਰਿਤਸਰ

ਮਿਤੀ: ਅਕਤੂਬਰ 17, 2007

ਸਤਿਕਾਰਯੋਗ ਜਥੇਦਾਰ ਜੀ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ ।

**ਵਿਸ਼ਾ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤਿਆਰ ਕਰਨ ਦੇ ਸੰਬੰਧ ਵਿੱਚ ਸਰਕਾਰੀ ਦਖ਼ਲ ਬਾਰੇ ।**

ਸਿੰਘ ਸਾਹਿਬ ਜੀ,

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

ਅਸੀਂ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤਿਆਰ ਕਰਨ ਉੱਪਰ ਪੰਜਾਬ ਸਰਕਾਰ ਵੱਲੋਂ ਜੋ ਪਾਬੰਦੀ ਲਗਾਈ ਗਈ ਹੈ ਉਸ ਬਾਰੇ ਕੁੱਝ ਬੇਨਤੀਆਂ ਕਰਨੀਆਂ ਚਾਹੁੰਦੇ ਹਾਂ ।

ੳ) ਸਾਡਾ ਇਹ ਮੰਨਣਾ ਹੈ ਕਿ ਇਹ ਮਸਲਾ ਪੂਰੀ ਤਰ੍ਹਾਂ ਧਾਰਮਿਕ ਮਰਿਆਦਾ ਅਤੇ ਵਿਸ਼ਵਾਸ਼ ਨਾਲ ਜੁੜਿਆ ਹੋਇਆ ਹੈ । ਇਸ ਬਾਰੇ ਫੈਸਲਾ ਕਰਨ ਦਾ ਹੱਕ ਕੇਵਲ 'ਗੁਰੂ ਪੰਥ' ਕੋਲ ਹੈ । ਜੇਕਰ ਕੋਈ ਵੀ ਸਰਕਾਰ ਪੂਰੀ ਤਰ੍ਹਾਂ ਧਾਰਮਿਕ ਮਸਲੇ ਉੱਪਰ ਕਾਨੂੰਨ ਬਣਾਉਂਦੀ ਹੈ ਤਾਂ ਇਸ ਨੂੰ ਧਰਮ ਅੰਦਰ ਸਰਕਾਰੀ ਦਖਲ ਦੇ ਰੂਪ ਵਿੱਚ ਨਜਿੱਠਿਆ ਜਾਣਾ ਚਾਹੀਦਾ ਹੈ । ਭਾਵੇਂ ਸਾਡੇ ਪੰਥ ਦੇ ਕੁਝ ਹਿੱਸੇ ਨੂੰ ਅੱਜ ਇਸ ਤਰ੍ਹਾਂ ਮਹਿਸੂਸ ਹੈ ਕਿ ਪੰਜਾਬ ਸਰਕਾਰ ਨੇ ਜੋ ਆਰਡੀਨੈਂਸ ਪਾਸ ਕੀਤਾ ਹੈ ਉਹ ਪੰਥ ਦੇ ਹਿੱਤ ਵਿੱਚ ਹੈ ਪਰ ਇਸ ਨਾਲ ਇਹ ਪਿਰਤ ਪੈ ਜਾਵੇਗੀ ਕਿ ਸਰਕਾਰਾਂ ਪੂਰੀ ਤਰ੍ਹਾਂ ਧਾਰਮਿਕ ਮਸਲਿਆਂ ਉੱਪਰ ਕਾਨੂੰਨ ਬਣਾ ਸਕਦੀਆਂ ਹਨ। ਅੱਜ ਇਕ ਪਾਰਟੀ ਦੀ ਸਰਕਾਰ ਹੈ, ਕੱਲ ਕਿਸੇ ਹੋਰ ਦੀ ਆ ਸਕਦੀ ਹੈ। ਇੰਝ ਸਹਿਜੇ ਹੀ ਅੰਦਾਜਾ ਲੱਗ ਜਾਂਦਾ ਹੈ ਕਿ ਕੱਲ ਨੂੰ ਇਸ ਪਿਰਤ ਦੇ ਘਾਤਕ ਸਿੱਟੇ ਸਾਹਮਣੇ ਆ ਸਕਦੇ ਹਨ ।

ਅ) ਸਿੰਘ ਸਾਹਿਬ ਜੀ, ਸਾਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਨਿੱਜੀ ਛਾਪੇ ਖਾਨਿਆਂ ਉੱਪਰ ਪੰਜਾਬ ਅੰਦਰ ਪਾਬੰਦੀ ਲਗਾ ਦੇਣਾ ਇਸ ਸਮੱਸਿਆ ਦਾ ਪੂਰਾ ਹੱਲ ਨਹੀਂ ਹੋਵੇਗਾ । ਜਰੂਰੀ ਇਹ ਹੈ ਕਿ ਇਸ ਸੰਬੰਧੀ ਕੁਝ ਨੇਮ ਨਿਰਧਾਰਤ ਕੀਤੇ ਜਾਣ। ਇਸ ਵਾਸਤੇ ਸਾਡੀ ਆਪ ਨੂੰ ਅਰਜ਼ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਸਾਰੀਆਂ ਪੰਥਕ ਸੰਸਥਾਵਾਂ, ਵਿਦਵਾਨਾਂ ਅਤੇ ਸੰਬੰਧਤ ਧਿਰਾਂ ਉੱਪਰ ਅਧਾਰਤ ਇੱਕ ਕਮੇਟੀ ਬਣਾਈ ਜਾਵੇ, ਜੋ ਸਥਿਤੀ ਦਾ ਜਾਇਜਾ ਲਵੇ ਸੰਗਤਾਂ ਤੋਂ ਇਸ ਬਾਰੇ ਵਿਚਾਰ ਮੰਗੇ। ਇਨ੍ਹਾਂ ਵਿਚਾਰਾਂ ਦੇ ਅਧਾਰ ਉੱਪਰ ਗੁਰੂ ਸਾਹਿਬ ਦੇ ਸਰੂਪ ਤਿਆਰ ਕਰਨ ਦੇ

ਸਹਿ ਦਫਤਰ : 25, ਸੁੱਖ ਸਾਗਰ ਕੰਪਲੈਕਸ, ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ। ਸੰਪਰਕ ਨੰ. : 98882-70651(ਮੋ.), ਫੈਕਸ : 0175-5005281
ਵੈਬ ਸਾਈਟ : http://www.sikhstudentsfederation.com ਈ ਮੇਲ: information@sikhstudentsfederation.com

ਨੇਮ ਘੜੇ ਜਾਣ, ਜਿਨ੍ਹਾਂ ਨੂੰ 'ਗੁਰਮਤੇ' ਦੇ ਰੂਪ ਵਿੱਚ ਪ੍ਰਵਾਣ ਕੀਤਾ ਜਾਵੇ। ਇਸ ਪ੍ਰਕਾਰ ਨਿੱਜੀ ਛਾਪੇਖਾਨਿਆਂ ਸਮੇਤ ਹਰ ਕਿਸੇ ਨੂੰ ਉਨ੍ਹਾਂ ਨਿਯਮਾਂ ਨੂੰ ਮੰਨਣਾ ਜਰੂਰੀ ਹੋਵੇਗਾ।

ੲ) ਅਸੀਂ ਕੁਝ ਗੱਲਾਂ ਕਾਨੂੰਨ ਦੀਆਂ ਸੀਮਤਾਈਆਂ ਬਾਰੇ ਦੀ ਆਪ ਜੀ ਨਾਲ ਸਾਂਝੀਆਂ ਕਰਨੀਆਂ ਚਾਹੁੰਦੇ ਹਾਂ:

- ਕਾਨੂੰਨ ਜਿਸ ਰਾਜ ਦੀ ਸਰਕਾਰ ਬਣਾਏਗੀ, ਇਹ ਉਸ ਰਾਜ ਦੀਆਂ ਹੱਦਾਂ ਤੱਕ ਹੀ ਲਾਗੂ ਹੋਵੇਗਾ। ਜਦਕਿ ਸਾਡੀ ਸਮੱਸਿਆ ਵਿਸ਼ਵਵਿਆਪੀ ਹੈ । ਤਾਂ ਸਪਸ਼ਟ ਹੈ ਕਿ ਕਾਨੂੰਨ ਦੋਸ਼-ਪੂਰਨ (ਭਾਵ ਸੀਮਤ) ਹੀ ਰਹੇਗਾ।
- ਕਾਨੂੰਨ ਕੇਵਲ ਸਰਕਾਰ ਹੀ ਬਣਾ ਸਕਦੀ ਹੈ, ਜੇਕਰ ਇਸ ਵਿੱਚ ਤਬਦੀਲੀ ਕਰਨੀ ਹੋਵੇਗੀ ਤਾਂ ਉਹ ਵੀ ਸਰਕਾਰ ਹੀ ਕਰ ਸਕੇਗੀ । ਕਾਨੂੰਨ ਦੀ ਕਿਸੇ ਵੀ ਊਣਤਾਈ ਨੂੰ ਹਟਾਉਣ ਵਿੱਚ ਪੰਥ ਅਸਮਰੱਥ ਹੋਵੇਗਾ ਅਤੇ ਇਹ ਵਕਤ ਦੀਆਂ ਸਰਕਾਰਾਂ ਨੂੰ ਬੇਨਤੀਆਂ ਕਰਨ ਤੱਕ ਮਹਿਦੂਦ ਹੋ ਕੇ ਰਹਿ ਜਾਵੇਗਾ, ਨਹੀਂ ਤਾਂ ਦੂਸਰਾ ਪੈਂਤੜਾ ਵਿਰੋਧ ਦਾ ਹੋਵੇਗਾ । ਬੀਤੇ ਵੱਲ ਝਾਤ ਮਾਰੀਏ ਤਾਂ ਅਸੀਂ ਭਾਰਤੀ ਸੰਵਿਧਾਨ ਦੀ ਧਾਰਾ 25 ਨੂੰ ਸਾਰੇ ਵਿਰੋਧਾਂ ਦੇ ਬਾਵਜੂਦ ਵੀ 57 ਸਾਲਾਂ ਵਿੱਚ ਤਬਦੀਲ ਨਹੀਂ ਕਰਵਾ ਸਕੇ ਜਿਸ ਮੁਤਾਬਕ ਸਿੱਖ ਅੱਜ ਵੀ ਹਿੰਦੂ ਹਨ ਅਤੇ ਜਿਸ ਤਹਿਤ ਸਿੱਖਾਂ ਉੱਪਰ ਸਮਾਜਕ ਮਸਲਿਆਂ ਬਾਰੇ ਹਿੰਦੂ ਕਾਨੂੰਨ ਲਾਗੂ ਹੁੰਦਾ ਹੈ ।
- ਹੁਣ ਜੋ ਕਾਨੂੰਨ ਬਣ ਰਿਹਾ ਹੈ ਇਸ ਤਹਿਤ ਅੱਜ ਦੀ ਸਰਕਾਰ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂ ਸਾਹਿਬ ਦੇ ਸਰੂਪ ਤਿਆਰ ਕਰਨ ਦਾ ਹੱਕ ਦੇ ਰਹੀ ਹੈ ਤਾਂ ਕੱਲ ਦੀਆਂ ਸਰਕਾਰਾਂ ਕਿਸੇ ਹੋਰ ਗੈਰ-ਸਿੱਖ ਸੰਸਥਾ ਨੂੰ ਵੀ ਇਹ ਹੱਕ ਦੇ ਸਕਦੀਆਂ ਹਨ। ਕੀ ਉਸ ਸਮੇਂ ਅਸੀਂ ਵਿਰੋਧ ਦੀ ਨੀਤੀ ਅਪਣਾਵਾਂਗੇ ? ਜੇਕਰ ਹਾਂ ਤਾਂ ਕੀ ਇਹ ਆਪੇ ਸਹੇੜੀ ਮੁਸੀਬਤ ਨਹੀਂ ਹੋਵੇਗੀ ?
- ਅਸੀਂ ਹਾਲ ਹੀ ਵਿੱਚ ਦੇਖਿਆ ਹੈ ਕਿ ਕਾਨੂੰਨ ਭਾਵੇਂ ਉਹ ਧਾਰਮਿਕ ਮਸਲੇ ਨਾਲ ਸੰਬੰਧਤ ਹੀ ਹੋਵੇ, ਅਦਾਲਤਾਂ ਰਾਹੀਂ ਵਿਚਾਰਿਆ ਜਾਂਦਾ ਹੈ । ਇਹ ਪ੍ਰਕਿਰਿਆ ਲਮਕਾਊ ਅਤੇ ਊਣ-ਤਾਈਆਂ ਭਰਪੂਰ ਹੈ । ਸੌਦਾ ਸਾਧ ਵਿਰੁੱਧ ਬਠਿੰਡਾ ਵਿਖੇ ਦਰਜ ਹੋਏ ਕੇਸ ਵਿੱਚ ਅੱਜ ਪੰਜ ਮਹੀਨੇ ਬੀਤ ਜਾਣ ਉੱਤੇ ਵੀ ਕੀ ਕਾਨੂੰਨੀ ਕਾਰਵਾਈ ਹੋਈ ਹੈ ? ਇਸ ਬਾਰੇ ਆਪਾਂ ਸਾਰੇ ਭਲੀ ਪ੍ਰਕਾਰ ਜਾਣੂੰ ਹਾਂ ।

ਸ) ਇਸ ਦੇ ਉਲਟ:

- ਪੰਥ ਦੇ ਫੈਸਲੇ (ਗੁਰਮਤੇ) ਦੇ ਨਿਯਮ ਬਿਨਾ ਕਿਸੇ ਹੱਦਬੰਦੀ ਦੇ ਸਾਰੇ ਸੰਸਾਰ ਵਿੱਚ ਲਾਗੂ ਹੋਣਗੇ।

ਸਹਿ ਦਫਤਰ : 25, ਸੁੱਖ ਸਾਗਰ ਕੰਪਲੈਕਸ, ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ। ਸੰਪਰਕ ਨੰ. : 98882-70651(ਮੋ.), ਫੈਕਸ : 0175-5005281
ਵੈਬ ਸਾਈਟ : http://www.sikhstudentsfederation.com ਈ ਮੇਲ: information@sikhstudentsfederation.com

- ਜੇਕਰ ਕਿਸੇ ਪ੍ਰਕਾਰ ਦੀ ਕਮੀ ਪੇਸ਼ੀ ਇਨ੍ਹਾਂ ਵਿੱਚ ਰਹਿ ਜਾਂਦੀ ਹੈ ਤਾਂ ਪੰਥ ਇਸ ਨੂੰ ਖੁਦ ਬਾਅਦ ਵਿੱਚ ਵੀ ਦੂਰ ਕਰ ਸਕਦਾ ਹੈ ।
- ਇਨ੍ਹਾਂ ਨਿਯਮਾਂ ਦੀ ਮਾਨਤਾ ਪਿੱਛੇ ਧਾਰਮਿਕ ਅਤੇ ਸਮਾਜਕ ਮਨਜੂਰੀ *(Religious and Social Sanction)* ਹੋਵੇਗੀ । ਅਜਿਹੇ ਮਸਲਿਆ ਬਾਰੇ ਪੰਥ ਦੇ ਆਦੇਸ਼ ਕਿਸ ਪ੍ਰਕਾਰ ਲਾਗੂ ਹੁੰਦੇ ਹਨ, ਇਸ ਦੀ ਤਾਜਾ ਮਿਸਾਲ ਸੌਦਾ ਸਾਧ ਦੇ ਮਸਲੇ ਵਿੱਚ ਜਾਰੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ, ਆਦੇਸ਼ਾਂ ਤੋਂ ਸਪਸ਼ਟ ਮਿਲਦੀ ਹੈ ।

ਹ) ਸਾਹਿਬ ਦਸਮ ਪਾਤਸ਼ਾਹ ਹਜ਼ੂਰ ਨੇ ਪੰਥ ਦੀ ਪ੍ਰਭੁਸਤਾ ਨੂੰ ਖਾਲਸਾ ਸਾਜ ਕੇ ਪ੍ਰਪੱਕ ਕੀਤਾ ਹੈ, ਤਾਂ ਜੇਕਰ ਕੋਈ ਧਾਰਮਿਕ ਜਾਂ ਕਿਸੇ ਵੀ ਹੋਰ ਖੇਤਰ ਵਿੱਚ ਕਿਸੇ ਪ੍ਰਕਾਰ ਦੀ ਸਮੱਸਿਆ ਆਉਂਦੀ ਹੈ ਤਾਂ ਉਸ ਦਾ ਹੱਲ ਪੰਥ ਦੀ ਪ੍ਰਭੁਸਤਾ ਨੂੰ ਮੁੱਖ ਰੱਖ ਕੇ ਲੱਭਣਾ ਚਾਹੀਦਾ ਹੈ । ਸਾਨੂੰ ਇਸ ਪ੍ਰਕਾਰ ਪ੍ਰਤੀਤ ਹੋ ਰਿਹਾ ਹੈ ਕਿ ਜੇਕਰ ਸਾਡੇ ਧਾਰਮਿਕ ਮਸਲਿਆਂ ਬਾਰੇ ਸਰਕਾਰ ਕਾਨੂੰਨ ਪਾਸ ਕਰਦੀ ਹੈ ਤਾਂ ਇਹ ਸਪਸ਼ਟ ਰੂਪ ਵਿੱਚ ਪੰਥ ਦੀ ਪ੍ਰਭੁਸਤਾ ਨੂੰ ਹੀਣਾ ਕਰਨ ਦਾ ਯਤਨ ਹੈ ।

ਅੰਤ ਵਿੱਚ ਸਾਡੀ ਆਪ ਨੂੰ ਇਹੀ ਗੁਜਾਰਿਸ਼ ਹੈ ਕਿ ਇਸ ਮਸਲੇ ਨੂੰ ਪੰਥਕ ਰਵਾਇਤਾਂ ਅਤੇ ਪ੍ਰਭੁਸਤਾ ਨੂੰ ਮੁੱਖ ਰੱਖ ਕੇ ਹੀ ਨਜਿੱਠਿਆ ਜਾਵੇ ਅਤੇ ਪ੍ਰਮਾਣਤ ਨੇਮ ਘੜਨ ਲਈ ਕਮੇਟੀ ਦਾ ਗਠਨ ਕੀਤਾ ਜਾਵੇ । ਇਸ ਮਸਲੇ ਉੱਪਰ ਕਾਨੂੰਨ ਘੜਨ ਤੋਂ ਪੰਜਾਬ ਸਰਕਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਵਰਜ ਦਿੱਤਾ ਜਾਵੇ ।

ਗੁਰੂ ਪੰਥ ਦੇ ਦਾਸ:

ਪਰਮਜੀਤ ਸਿੰਘ ਗਾਜੀ
(ਕੌਮੀ ਪ੍ਰਧਾਨ,
ਸਿੱਖ ਸਟੂਡੈਂਟਸ ਫੈਡਰੇਸਨ)

ਕਮਲਜੀਤ ਸਿੰਘ
(ਕੌਮੀ ਪ੍ਰੈਸ ਸਕੱਤਰ,
ਸਿੱਖ ਸਟੂਡੈਂਟਸ ਫੈਡਰੇਸਨ)

(ਸਤਨਾਮ ਸਿੰਘ) (ਮਨਜਿੰਦਰ ਸਿੰਘ) (ਜਸਵਿੰਦਰ ਸਿੰਘ)

ਸੰਪਰਕ ਨੰਬਰ: 098882-70651

ਸਹਿ ਦਫਤਰ : 25, ਸੁੱਖ ਸਾਗਰ ਕੰਪਲੈਕਸ, ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ। ਸੰਪਰਕ ਨੰ. : 98882-70651(ਮੋ.), ਫੈਕਸ : 0175-5005281
ਵੈਬ ਸਾਈਟ : http://www.sikhstudentsfederation.com ਈ ਮੇਲ: information@sikhstudentsfederation.com